ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ), ਪੰਜਾਬ, ਫੇਸ-8, ਮੋਹਾਲੀ, ਸ.ਅ.ਸ. ਨਗਰ
(ਅਮਲਾ-2 ਸ਼ਾਖਾ)

**ਨੋਟਿਸ** ਮਿਤੀ 08-01-2019

1.0 ਸਿੱਖਿਆ ਵਿਭਾਗ (ਭਰਤੀ ਡਾਇਰੈਕਟੋਰੇਟ) ਵੱਲੋਂ 3582 ਮਾਸਟਰ ਕਾਡਰ ਦੀ ਭਰਤੀ ਸਬੰਧੀ ਸਾਇੰਸ, ਮੈਥ, ਸਮਾਜਿਕ ਸਿੱਖਿਆ, ਪੰਜਾਬੀ, ਅੰਗਰੇਜੀ ਅਤੇ ਹਿੰਦੀ ਵਿਸ਼ੇ ਦੇ ਉਮੀਦਵਾਰ ਜਿਨ੍ਹਾਂ ਨੂੰ ਮਿਤੀ 09.11.2018 ਅਤੇ 07.12.2018 ਨੂੰ ਨਿਯੁਕਤੀ ਲਈ ਪੇਸ਼ਕਸ਼ ਪੱਤਰ ਦਿੱਤੇ ਜਾ ਚੁੱਕੇ ਹਨ ਨੂੰ ਹੇਠ ਲਿਖੇ ਸ਼ਡਿਊਲ ਅਨੁਸਾਰ ਨਿਯੁਕਤੀ ਪੱਤਰ ਸਮੇਤ ਸਟੇਸ਼ਨ ਚੋਣ ਕਰਨ ਲਈ ਬੁਲਾਇਆ ਜਾਂਦਾ ਹੈ।

| ਸ਼ਡਿਊਲ | | | |
|---|---|---|---|
| **ਵਿਸ਼ਾ** | **ਮਿਤੀ** | **ਸਮਾਂ** | **ਸਥਾਨ** |
| ਅੰਗਰੇਜੀ | 10-01-2019 | 09.30 ਸਵੇਰੇ | ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ), ਪੰਜਾਬ ਤੀਸਰੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡਕੰਪਲੈਕਸ, ਫੇਸ-8, ਮੋਹਾਲੀ, ਸ.ਅ.ਸ. ਨਗਰ। |
| ਸਮਾਜਿਕ ਸਿੱਖਿਆ | 10-01-2019 | 02.00 ਵਜੇ | |
| ਮੈਥ | 10-01-2019 | 03.00 ਵਜੇ | |
| ਹਿੰਦੀ | 11-01-2019 | 09.30 ਸਵੇਰੇ | |
| ਸਾਇੰਸ | 11-01-2019 | 02.00 ਵਜੇ | |
| ਪੰਜਾਬੀ | 11-01-2019 | 03.00 ਵਜੇ | |

2.0 ਉਕਤ ਤੋਂ ਇਲਾਵਾ ਜਿਹੜੇ ਉਮੀਦਵਾਰਾਂ ਨੇ ਸਟੇਸ਼ਨ ਚੋਣ ਲਈ ਸਮੇਂ ਵਿੱਚ ਵਾਧਾ ਲਿਆ ਹੋਣ ਕਾਰਨ ਸਟੇਸ਼ਨ ਚੋਣ ਨਹੀਂ ਕਰ ਸਕੇ ਉਹ ਵੀ ਵਿਸ਼ਾ-ਵਾਰ ਨਿਸ਼ਚਿੱਤ ਕੀਤੀਆਂ ਮਿਤੀਆਂ ਨੂੰ ਸਟੇਸ਼ਨ ਚੋਣ ਲਈ ਹਾਜਰ ਹੋਣਗੇ।

3.0 ਜਿਹੜੇ ਉਮੀਦਵਾਰਾਂ ਦੀ ਦੋਹਰੇ ਵਿਸ਼ਿਆਂ ਵਿੱਚ ਸਲੈਕਸ਼ਨ ਸੀ ਅਤੇ ਜਿਹਨਾਂ ਨੂੰ ਦੂਸਰੇ ਵਿਸ਼ੇ ਵਿੱਚ ਸਟੇਸ਼ਨ ਚੋਣ ਦਾ ਮੌਕਾ ਨਹੀਂ ਮਿਲੀਆ ਉਹ ਵੀ ਉਕਤ ਅਨੁਸਾਰ ਵਿਸ਼ਾਵਾਰ ਨਿਸ਼ਚਿੱਤ ਕੀਤੀਆਂ ਮਿਤੀਆਂ ਨੂੰ ਸਟੇਸ਼ਨ ਚੋਣ ਲਈ ਹਾਜਰ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ।

4.0 ਉਕਤ ਤੋਂ ਇਲਾਵਾ 3582 ਅਧੀਨ ਯੋਗ ਪਾਏ ਗਏ ਉਮੀਦਵਾਰ ਜਿਹਨਾਂ ਨੇ ਨਿਯੁਕਤੀ ਲਈ ਪੇਸ਼ਕਸ਼ ਪੱਤਰ ਪ੍ਰਾਪਤ ਕਰ ਲਏ ਹਨ ਅਤੇ ਕਿਸੇ ਨਿਜੀ ਕਾਰਨਾ ਕਰਕੇ ਸਟੇਸ਼ਨ ਚੋਣ ਨਹੀਂ ਕਰ ਸਕੇ, ਉਹਨਾਂ ਨੂੰ ਵੀ ਵਿਸ਼ਾਵਾਰ ਨਿਸ਼ਚਿੱਤ ਮਿਤੀਆਂ ਨੂੰ ਸਟੇਸ਼ਨ ਚੋਣ ਦਾ ਇੱਕ ਆਖਰੀ ਮੌਕਾ ਦਿੱਤਾ ਜਾਂਦਾ ਹੈ। ਹੁਣ ਹਾਜਰ ਨਾ ਹੋਣ ਦੀ ਸੂਰਤ ਵਿੱਚ ਇਹ ਸਮਝ ਲਿਆ ਜਾਵੇਗਾ ਕਿ ਉਮੀਦਵਾਰ ਨਿਯੁਕਤੀ ਪੱਤਰ ਪ੍ਰਾਪਤ ਕਰਨਾ ਨਹੀਂ ਚਾਹੁੰਦੇ। ਉਪਰੰਤ ਅਜਿਹੇ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਦੇਣ ਦਾ ਹੋਰ ਕੋਈ ਮੌਕਾ ਨਹੀਂ ਦਿੱਤਾ ਜਾਵੇਗਾ ਅਤੇ ਉਹਨਾਂ ਦੀ 3582 ਅਧੀਨ ਪਾਤੱਰਤਾ ਰੱਦ ਕਰ ਦਿੱਤੀ ਜਾਵੇਗੀ।

ਨੋਟ: ਉਕਤ ਅਨੁਸਾਰ ਸਟੇਸ਼ਨ ਚੋਣ ਲਈ ਹਾਜਰ ਹੋਣ ਸਮੇਂ ਸਾਰੇ ਉਮੀਦਵਾਰ ਲੋੜੀਂਦੇ ਦਸਤਾਵੇਜ (ਅਪਲਾਈ ਕਰਨ ਦਾ ਸਬੂਤ, ਪੇਸ਼ਕਸ਼ ਪੱਤਰ ਦੀ ਫੋਟੋ ਕਾਪੀ, ਫੋਟੋ ਸ਼ਨਾਖਤੀ ਕਾਰਡ, ਮੈਡੀਕਲ ਦੀ ਫੋਟੋ ਕਾਪੀ, ਸਵੈ ਘੋਸ਼ਣਾ ਪੱਤਰ) ਪੇਸ਼ ਕਰਨਗੇ।

ਡਾਇਰੈਟਰ ਸਿੱਖਿਆ ਵਿਭਾਗ(ਸੈਸਿ), ਪੰਜਾਬ